ਪੰਜਾਬ ਸਰਕਾਰ, ਵਿੱਤ ਵਿਭਾਗ
(ਸਥਾਨਕ ਆਡਿਟ ਵਿੰਗ)

ਵੱਲੋਂ:

ਪ੍ਰੀਖਕ,
ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ ।

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ : 5(469) ਮਿਤੀ :

ਵਿਸ਼ਾ :- ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ ਭਗਤਾ ਭਾਈ ਕਾ, ਜਿਲ੍ਹਾ- ਬਠਿੰਡਾ, ।

ਬਾਬਤ ਸਮਾਂ : 4/17-3/18

ਵਿਸ਼ੇ ਅਧੀਨ ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਦੀ ਨਕਲ ਨੱਥੀ ਹੈ । ਇਸ ਵਿਚ ਦਰਸਾਏ ਗਏ ਹੇਠ ਲਿਖੇ ਗੰਭੀਰ ਇਤਰਾਜ਼ ਸਰਕਾਰ ਦੇ ਧਿਆਨ ਵਿਚ ਲਿਆਉਣ ਯੋਗ ਹਨ । ਇਹਨਾਂ ਪੈਰ੍ਹਿਆ ਵਿਚ ਦਰਸਾਈਆਂ ਗੰਭੀਰ ਉਕਾਈਆਂ ਅਤੇ ਬੇਕਾਇਦਗੀਆਂ ਉਪਰ ਤੁਰੰਤ ਕਾਰਵਾਈ ਦੀ ਲੋੜ ਹੈ । ਬੇਨਤੀ ਹੈ ਕਿ ਇਹਨਾਂ ਪੈਰਿਆ ਉਪਰ ਕੀਤੀ ਕਾਰਵਾਈ ਬਾਰੇ ਇਸ ਵਿਭਾਗ ਨੂੰ ਛੇਤੀ ਸੂਚਿਤ ਕੀਤਾ ਜਾਵੇ ਜੀ ।

(ੳ) ਪਿਛਲੀਆਂ ਆਡਿਟ ਰਿਪੋਰਟਾਂ ਵਿੱਚ ਬਕਾਇਆ ਚਲੇ ਆ ਰਹੇ ਇਤਰਾਜ਼ਾਂ ਤੇ ਢੁੱਕਵੀਂ ਕਾਰਵਾਈ ਨਹੀ ਕੀਤੀ ਗਈ ਅਤੇ ਇਹਨਾ ਵਿਚ ਵਾਧਾ ਹੋ ਰਿਹਾ ਹੈ । ~~ਮਿਊਂਸਪਲ ਅਕਾਊਂਟ ਕੋਡ, 1930 ਦੇ ਰੂਲ 17.17(6)ਅਧੀਨ~~ ਪਿਛਲੀ ਰਿਪੋਰਟ 4/16 ਤੋਂ 3/17 [illegible] ਪੇਸ਼ ਨਹੀ ਕੀਤੀ ਗਈ ਅਤੇ ਨਾ ਹੀ ਉੱਤਰਮਾਲਾ ਤਿਆਰ ਕਰਕੇ ਇਸ ਵਿਭਾਗ ਨੂੰ ਭੇਜੀ ਗਈ ਹੈ।

(ਅ) ਕਾਫੀ ਰਿਕਾਰਡ ਜਿਸ ਦਾ ਵੇਰਵਾ ਇਨ੍ਹਾਂ ਪੈਰਿਆ ਵਿਚ ਦਿੱਤਾ ਗਿਆ ਹੈ । ਆਡਿਟ ਦੌਰਾਨ ਪੇਸ਼ ਨਹੀ ਕੀਤਾ ਗਿਆ । ਪਿਛਲੀਆਂ ਰਿਪੋਰਟਾਂ ਵਿਚ ਦਰਸਾਇਆ ਰਿਕਾਰਡ ਵੀ ਪੇਸ਼ ਨਹੀ ਹੋਇਆ । ਇਸ ਤਰਾਂ ਰਿਕਾਰਡ ਨਾ ਪੇਸ਼ ਹੋਣ ਕਾਰਣ ਗੰਭੀਰ ਬੇਕਾਇਦਗੀਆਂ ਲੁਕੀਆਂ ਰਹਿ ਜਾਣ ਦਾ ਡਰ ਹੈ ।

| ਲੜੀ ਨੰ: | ਵੇਰਵਾ | ਪੈਰਾ ਨੰਬਰ | ਰਕਮ ਰੂ. |
|---|---|---|---|
| 1. | ਗਬਨ ਜਾਂ ਕੁਵਰਤੋਂ ਬਾਰੇ ਪੈਰੇ | | |
| 2. | ਸਟਾਕ/ਸਟੋਰ ਵਿੱਚ ਪਾਈਆਂ ਤਰੁੱਟੀਆਂ। | | |
| 3. | ਘੱਟ ਵਸੂਲੀਆਂ ਬਾਰੇ ਪੈਰੇ | 4(4), 7(1)(3)(6)(12) | 31195-6435, 17762-22050- |
| 4. | ਅਨਿਯਮਤ/ਵਧੀਕ ਅਦਾਇਗੀਆਂ<br>(ੳ) ਅਨਿਯਮਤ ਅਦਾਇਗੀਆਂ<br>(ਅ) ਪ੍ਰੋਵੀਜਨਲ ਲੈਪਸ ਅਦਾਇਗੀਆਂ<br>(ੲ) ਟਾਲਣਯੋਗ ਅਦਾਇਗੀਆਂ<br>(ਸ) ਵਸੂਲਣਯੋਗ ਰਕਮਾਂ ਸਬੰਧੀ ਪੈਰੇ<br>(ਹ) ਸਮਾਂ ਟੱਪ ਚੁੱਕੀਆਂ ਵਧੀਕ ਅਦਾਇਗੀਆਂ ਅਤੇ ਘੱਟ ਵਸੂਲੀਆਂ | <br>3(1)(2)<br><br><br>3(3)(5)<br>4(2),7(2) | <br>5921607-8500-<br><br><br>11819-127770-<br>225500-118110 |
| 5. | ਟੁੱਟਕਲ ਗੰਭੀਰ ਉਕਾਈਆਂ ਦੇ ਪੈਰੇ | 11 | |
| 6. | ਲੇਖਿਆ ਤੇ ਰੱਖ ਰਖਾਵ ਦੀ ਸਥਿਤੀ | 4 | |

ਸਹੀ/-
ਸੈਕਸ਼ਨ ਅਫਸਰ,
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ,
ਪੰਜਾਬ, ਚੰਡੀਗੜ੍ਹ

ਨੰਬਰ : 5(469) 26 ਮਿਤੀ : 3/10/18

ਉਪਰੋਕਤ ਦਾ ਉਤਾਰਾ ਲੇਖਾ ਪੜਤਾਲ ਤੇ ਨਿਰੀਖਣ ਰਿਪੋਰਟ ਦੀ ਨਕਲ ਸਮੇਤ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਧਾਨ/ਪ੍ਰਬੰਧਕ, ਨਗਰ ਪੰਚਾਇਤ ਭਗਤਾ ਭਾਈ ਕਾ (ਬਠਿੰਡਾ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਊਂਸਪਲ ਅਕਾਊਂਟ ਕੋਡ 1930 ਦੇ ਨਿਯਮ 17, 17(6) ਅਤੇ (7) ਅਧੀਨ ਆਡਿਟ ਰਿਪੋਰਟ ਤੇ ਯੋਗ ਕਾਰਵਾਈ ਕਰਨ ਉਪਰੰਤ ਉਤਰਮਾਲਾ ਦੋ ਮਹੀਨੇ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜ ਦਿੱਤੀ ਜਾਵੇ ।
2. ਡਿਪਟੀ ਕਮਿਸ਼ਨਰ ਬਠਿੰਡਾ ।
3. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਬਠਿੰਡਾ ।
4. ਸ੍ਰੀ ਲਛਮਣ ਸਿੰਘ ਸਿੱਧੂ, ਸੈਕਸ਼ਨ ਅਫਸਰ ਮਾਰਫਤ ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ), ਬਠਿੰਡਾ ।
5. ਦਫਤਰੀ ਕਾਪੀ ।

4.22 3.X.18

ਸੈਕਸ਼ਨ ਅਫਸਰ,
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ,
ਪੰਜਾਬ,ਚੰਡੀਗੜ੍ਹ ।

<u>ਨਗਰ ਪੰਚਾਇਤ ਭਗਤਾ ਭਾਈ ਕਾ ਜਿਲ੍ਹਾ ਬਠਿੰਡਾ ਦੀ ਲੇਖਾ ਪੜਤਾਲ ਰਿਪੋਰਟ</u>

<u>ਸਮਾਂ 4/17 ਤੋਂ 3/18</u>

<u>ਪਿਛਲਾ ਆਡਿਟ ਨੋਟ</u> : ਸਮਾਂ 10/12 ਤੋਂ 3/17 ਦਾ ਆਡਿਟ ਨੋਟ ਦਫਤਰ ਵਿਖੇ ਪ੍ਰਾਪਤ ਹੋਇਆ ਪਰੰਤੂ ਇਹ ਨਗਰ ਪੰਚਾਇਤ ਸਾਹਮਣੇ ਪੇਸ਼ ਨਹੀ ਕੀਤਾ ਗਿਆ ਅਤੇ ਨਾ ਹੀ ਉੱਤਰਮਾਲਾ ਤਿਆਰ ਕਰਕੇ ਇਸ ਵਿਭਾਗ ਨੂੰ ਭੇਜੀ ਗਈ ਹੈ । ਇਹ ਸਰਕਾਰੀ ਹਦਾਇਤਾ ਦੀ ਉਲੰਘਣਾ ਹੈ, ਇਹ ਤੱਥ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ।

ਵਰਤਮਾਨ ਆਡਿਟ ਦੇ ਅੰਤ ਤੱਕ ਕੁਲ 58 ਬਾਕੀ ਖੜੇ ਹਨ । ਜਿਸਦਾ ਵਿਸਥਾਰਤ ਵੇਰਵਾ ਅਨੁਲੱਗ 'ੳ' ਵਿਚ ਦਿੱਤਾ ਗਿਆ ਹੈ । ਬਕਾਇਆ ਆਡਿਟ ਪੈਰਿਆਂ ਵਿੱਚ ਫੰਡਾਂ ਦੀ ਆਰਜੀ ਕੁਵਰਤੋਂ, ਘੱਟ ਵਸੂਲੀਆਂ ਵੱਧ ਅਦਾਇਗੀਆਂ ਸਬੰਧੀ ਤੁਰੰਤ ਕਾਰਵਾਈ ਬਣਦੀ ਸੀ। ਬੇਲੋੜੀ ਦੇਰੀ ਕਰਨ ਨਾਲ ਇਹਨਾਂ ਰਕਮਾਂ ਦੇ ਗਬਨ ਜਾਂ ਸਮਾਂ ਵੱਧ ਵਸੂਲੀਆਂ ਬਣ ਜਾਣ ਦੀ ਸੰਭਾਵਨਾ ਪੈਦਾ ਹੋ ਸਕਦੀ ਹੈ । ਆਡਿਟ ਪੈਰਿਆਂ ਦੇ ਨਿਪਟਾਰੇ ਲਈ ਢੁਕਵੀਂ ਕਾਰਵਾਈ ਕੀਤੀ ਜਾਵੇ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ ਬਕਾਇਆ ਆਡਿਟ ਪੈਰਿਆਂ ਦੀ ਤਾਜਾ ਸਥਿਤੀ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ: | ਸਮਾਂ | ਪੈਰਾ ਨੰਬਰ |
|---|---|---|
| 1 | 15 ਸਾਲਾਂ ਤੋਂ ਵੱਧ ਪੁਰਾਣੇ | ਨਿਲ |
| 2 | 10 ਸਾਲਾਂ ਤੋਂ ਵੱਧ ਪੁਰਾਣੇ | ਨਿਲ |
| 3 | 5 ਸਾਲਾਂ ਤੋਂ ਵੱਧ ਪੁਰਾਣੇ | ਨਿਲ |
| 4 | ਬਾਕੀ | 58 |
| | ਜੋੜ | 58 |

<u>2. ਵਰਤਮਾਨ ਆਡਿਟ</u> :- ਸਮਾਂ 4/17 ਤੋ 3/18 ਦਾ ਆਡਿਟ (ਟੈਸਟ) ਸ. ਲਛਮਣ ਸਿੰਘ ਸਿੱਧੂ ਵੱਲੋ 17.05.2018 ਤੋ 23.05.2016 ਤੱਕ ਕੀਤਾ ਗਿਆ ਇਸ ਲਈ 7/17 ਅਤੇ 12/17 ਮਹੀਨੇ ਸੀਲੇਕਟ ਕੀਤੇ ਗਏ। ਪੜਤਾਲ ਦੌਰਾਨ ਪਾਈਆਂ ਤਰੁਟੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਜਾਂਦਾ ਹੈ ਅਤੇ ਵਿਸਥਾਰ ਵੇਰਵਾ ਵੱਖ-2 ਪੈਰਿਆਂ ਚ ਦਿੱਤਾ ਗਿਆ ਹੈ ।

| ਲੜੀ ਨੰ: | ਵੇਰਵਾ | ਪੈਰਾ ਨੰ: |
|---|---|---|
| 1 | ਬੇਕਾਇਦਾ ਵਧੀਕ ਤੇ ਫਜ਼ੂਲ ਖਰਚੇ | 3 |
| 2. | ਟੈਕਸ ਦੀ ਵਸੂਲੀ ਅਤੇ ਰਿਕਾਰਡ ਦਾ ਰੱਖ-ਰਖਾਵ | 4 |
| 3. | ਮਾਲੀ ਹਾਲਤ ਤੇ ਬਜਟ ਸਬੰਧੀ | 5 |
| 4. | ਅਸਲ ਪ੍ਰਾਪਤੀ ਰਸੀਦਾਂ | 6 |
| 5. | ਵਰਕਸ ਸਬੰਧੀ | 7 |
| 6. | ਅਮਲੇ ਸਬੰਧੀ | 8 |
| 7. | ਰਿਕਾਰਡ ਜੋ ਪੇਸ਼ ਨਹੀ ਕੀਤਾ | 9 |
| 8. | ਆਡਿਟ ਫੀਸ | 10 |
| 9. | ਫੁਟਕਲ | 11 |

3. ਬੇਕਾਇਦਾ, ਵਧੀਕ ਅਤੇ ਫਜ਼ੂਲ ਖਰਚੇ:-

1. ਨਗਰ ਪੰਚਾਇਤ ਵੱਲੋਂ ਅਣ-ਅਧਿਕਾਰਤ ਕਲੋਨੀਆਂ ਨੂੰ ਰੈਗੂਲਾਈਜ਼ ਕਰਨ ਸਬੰਧੀ ਜੋ ਰਕਮ ਵਸੂਲ ਕੀਤੀ ਸੀ ਉਸ ਵਿਚੋਂ ਸਾਲ 2017-18 ਦੌਰਾਨ 59,21,807/- ਰੁਪਏ ਦੀ ਅਦਾਇਗੀ ਵੱਖ-2 ਵਿਕਾਸ ਦੇ ਕੰਮਾ ਤੇ ਠੇਕੇਦਾਰਾਂ ਨੂੰ ਅਦਾ ਕੀਤੀ ਗਈ ਹੈ ਜੋ ਕਿ ਸਰਕਾਰੀ ਹਦਾਇਤਾਂ ਦੀ ਉਲੰਘਣਾ ਹੈ ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਤੇ ਬਣਦੀ ਕਾਰਵਾਈ ਕਰਕੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

2. ਨਗਰ ਪੰਚਾਇਤ ਵੱਲੋਂ ਮਿਤੀ 07.12.2017 ਨੂੰ ਵਾਊਚਰ ਨੰਬਰ 26 ਰਾਹੀਂ 8,500/- ਰੁਪਏ ਦੀ ਅਦਾਇਗੀ ਸਵੱਛ ਭਾਰਤ ਸਕੀਮ ਅਧੀਨ ਦੀਵਾਲੀ ਤੇ ਸਪਲੀਮੈਂਟ ਦੀ ਕੀਤੀ ਗਈ ਹੈ ਇਹ ਅਦਾਇਗੀ ਨਗਰ ਪੰਚਾਇਤ ਦੇ ਫੰਡਾ ਵਿੱਚੋਂ ਫਿਰ ਚਾਰਜ ਨਹੀ ਹੈ ਇਸ ਲਈ ਇਸਦੀ ਮੰਨਜੂਰੀ ਸਮਾਰਥਕ ਅਧਿਕਾਰੀ ਤੋਂ ਲਈ ਜਾਵੇ ਨਹੀਂ ਤਾ ਵਸੂਲੀ ਕਸੂਰਵਾਰ ਕਰਮਚਾਰੀ ਅਧਿਕਾਰੀ ਤੋਂ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

3. ਹੇਠ ਲਿਖੇ ਵੇਰਵੇ ਅਨੁਸਾਰ ਅਖਬਾਰਾਂ ਵਿੱਚ ਇਸਤਿਹਾਰ ਲੋਕ ਸੰਪਰਕ ਵਿਭਾਗ ਰਾਹੀਂ ਨਹੀਂ ਦਿੱਤੇ ਅਤੇ ਨਾ ਹੀ ਡੀ.ਏ.ਪੀ.ਵੀ. ਰੇਟਾਂ ਦਾ ਸਰਟੀਫਿਕੇਟ ਦਰਜ ਹੈ ਇਸ ਲਈ 15% ਦੀ ਕਟੌਤੀ ਕੀਤੀ ਜਾਣੀ ਬਣਦੀ ਸੀ ਜੋ ਕਿ ਨਹੀ ਕੀਤੀ। ਇਹ 11,819/- ਰੁਪਏ ਦੀ ਰਕਮ ਬਣਦੀ ਹੈ ਜਿਸਦੀ ਵਸੂਲੀ ਸਬੰਧਤ ਅਖਬਾਰ ਜਾਂ ਕਸੂਰਵਾਰ ਤੋਂ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ। ਇਨਾਂ ਦੀਆਂ ਅਸਲ ਪ੍ਰਾਪਤੀ ਰਸੀਦਾਂ ਵੀ ਨਹੀਂ ਵਿਖਾਈਆਂ ਜੋ ਕਿ ਅਗਲੇ ਆਡਿਟ ਸਮੇਂ ਵਿਖਾਈਆਂ ਜਾਣ।

| ਮਿਤੀ | ਵਾਊਚਰ ਨੰਬਰ | ਰਕਮ | ਵੇਰਵਾ |
|---|---|---|---|
| 03-07-2017 | 10 | 6900 | ਰੋਜਾਨਾ ਸਪੋਕਸਮੈਨ ਰਾਹੀਂ ਜਗਜੀਤ ਪਬਲੀਕੇਸ਼ਨ |
| 12-07-2017 | 27 | 7000 | ਅਮਰ ਉਜਾਲਾ ਗਰਗ ਨਿਊ ਏਜੰਸੀ |
| 12-07-2017 | 28 | 7000 | -ਉਕਤ- |
| 12-07-2017 | 29 | 3413 | ਜਾਗਰਣ ਪ੍ਰਕਾਸ਼ਕ |
| 25-07-2017 | 53 | 2730 | ਇੰਡੀਅਨ ਐਕਸਪ੍ਰੈਸ |
| 07-12-2017 | 23 | 8000 | ਰੋਜਾਨਾ ਜੱਗਬਾਣੀ |
| 07-12-2017 | 24 | 8000 | -ਉਕਤ- |
| 07-12-2017 | 25 | 5056 | ਰੋਜਾਨਾ ਜੱਗਬਾਣੀ |
| 07-12-2017 | 26 | 8500 | ਅੱਜ ਦੀ ਆਵਾਜ |
| 07-12-2017 | 27 | 9600 | ਪੰਜਾਬ ਕੇਸਰੀ ਟੈਂਡਰ ਨੋਟਿਸ |
| 07-12-2017 | 28 | 13200 | ਰੋਜਾਨਾ ਜੱਗਬਾਣੀ |
| | | 78799-15%(11819/-) | |

(4) ਬੈਂਕ ਮਿਲਾਨ ਮਹੀਨਾ 12/17 ਵਿੱਚ ਮਿਤੀ 27-12-2017 ਨੂੰ 5,46,000/- ਰੁਪਏ ਦਾ ਚੈਕ ਨੰਬਰ 027343 ਵਾਧੂ ਨਿਕਲੀ ਰਕਮ ਲਿਖੀ ਗਈ ਹੈ। ਇਹ ਪੇਮੈਂਟ ਸੁਰੇਸ਼ ਕੁਮਾਰ ਠੇਕੇਦਾਰ ਨੂੰ ਕੀਤੀ ਗਈ ਹੈ। ਇਸਦਾ ਬਾਅਦ ਵਿੱਚ ਬਿਲ ਮਿਤੀ 05-01-2018 ਨੂੰ ਵੱਖ-2 ਗਲੀਆਂ ਇੰਟਰਲਾਕ ਟਾਇਲਾਂ ਆਦਿ ਦਾ ਬਣਾ ਕਿ ਵਾਊਚਰ ਬਾਅਦ ਵਿੱਚ ਪਾਇਆ ਗਿਆ ਹੈ। ਐਡਵਾਂਸ ਪੇਮੈਂਟ ਕਰਨ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(5) ਵਾਊਚਰ ਨੰ: 14, ਮਿਤੀ 01-09-2017 ਰਾਹੀਂ 10,00,000/- ਰੁਪਏ ਦੀ ਅਦਾਇਗੀ ਦੀ ਲਹਿਰਾ ਮੁਹੱਬਤ ਕੋ ਅਪਰੇਟਿਵ ਸੁਸਾਇਟੀ ਨੂੰ ਪਲਾਟ/ਅਣ-ਅਧਿਕਾਰਤ ਕਲੋਨੀਆਂ ਦੇ ਫੰਡਾਂ ਵਿੱਚੋਂ ਨਗਰ ਪੰਚਾਇਤ ਦੇ ਫੰਡਾਂ ਦੀ ਸਕਿਊਰਟੀਆਂ ਵਾਪਸ ਕੀਤੀਆਂ ਹਨ ਜੋ ਕਿ ਉਚਿਤ ਨਹੀ ਹਨ। ਇਨ੍ਹਾਂ ਦਾ ਸਬੰਧਤ ਰਿਕਾਰਡ ਵੀ ਪੇਸ਼ ਨਹੀ ਕੀਤਾ। ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਅਤੇ ਬਣਦੀ ਕਰਕੇ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(6) ਹੇਠ ਲਿਖੇ ਬਿੱਲਾਂ ਵਿੱਚ ਗਨੇਸ਼ ਕੋ-ਅਪਰੇਟਿਵ ਸੁਸਾਇਟੀ ਵੱਲੋਂ ਆਊਟ ਸੋਰਸ ਤੇ ਲੇਵਰ ਸਪਲਾਈ ਦੇ ਬਿੱਲ ਵਿੱਚ ਜੀ.ਐਸ.ਟੀ. 18% ਕਲੇਮ ਕੀਤਾ ਹੈ। ਜੀ.ਐਸ.ਟੀ. ਕਲੇਮ ਕਰਨ ਸਬੰਧੀ ਕੋਈ ਪੱਤਰ ਜਾਂ ਹਦਾਇਤਾ ਪੇਸ਼ ਨਹੀ ਕੀਤੀਆਂ ਜਿਸਤੋਂ ਬਿਨਾਂ ਇਹ ਅਦਾਇਗੀ ਮੰਨੀ ਨਹੀ ਜਾ ਸਕਦੀ। ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਨਹੀਂ ਤਾਂ ਇਸਦੀ ਵਸੂਲੀ ਸਬੰਧਤ ਠੇਕੇਦਾਰ ਜਾਂ ਕਸੂਰਵਾਰ ਕਰਮਚਾਰੀ/ਅਧਿਕਾਰੀ ਤੋਂ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਮਿਤੀ | ਵਾਊਚਰ ਨੰ: | ਜੀ.ਐਸ.ਟੀ. ਦੀ ਰਕਮ | ਵੇਰਵਾ |
|---|---|---|---|
| 07-12-2017 | 8 | 52,504/- | ਲੇਵਰ ਸਪਲਾਈ, ਚ ਕਲੇਮ ਕੀਤਾ |
| 07-12-2017 | 9 | 52,504/- | -ਉਕਤ- |
| 07-12-2017 | 10 | 11,381/- | -ਉਕਤ- |
| 07-12-2017 | 11 | 11,381/- | -ਉਕਤ- |
| | ਕੁਲ | 1,27,770/- | |

(7) ਹੇਠ ਲਿਖੇ ਬਿਲਾਂ ਵਿੱਚ ਆਊਟ ਸੋਰਸ ਤੇ ਡਰਾਈਵਰ ਦੀ ਤਨਖਾਹ ਡੀ.ਸੀ. ਰੇਟਾਂ ਤੋਂ ਵੱਧ ਕਲੇਮ ਕੀਤੀ ਗਈ ਹੈ। ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਤੇ ਬਣਦੀ ਵਸੂਲੀ ਸਬੰਧਤ ਠੇਕੇਦਾਰ ਜਾਂ ਕਸੂਰ ਵਾਰ ਕਰਮਚਾਰੀ ਅਧਿਕਾਰੀ ਤੋਂ ਕੀਤੀ ਜਾਵੇ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਮਿਤੀ | ਵਾਊਚਰ ਨੰ: | ਕਲੇਮ ਕੀਤਾ | ਬਣਦੇ | ਵੱਧ ਦਿੱਤੇ |
|---|---|---|---|---|
| 28-07-2017 | 55 | 395+9x13days=5144 | 356-01x13=4628 | 516 |
| 07-12-2017 | 8 | 10277 | 9300 | 977 |
| 07-12-2017 | 9 | 10277 | 9300 | 977 |
| | | | | 2,470/- |

4. ਟੈਕਸਾਂ ਦੀ ਵਸੂਲੀ ਅਤੇ ਰਿਕਾਰਡ ਦਾ ਰੱਖ ਰਖਾਵ :-

(1) ਸਾਮਲਾਤ ਜਮੀਨ:- ਸਾਮਲਾਤ ਜਮੀਨ ਦੀ ਕੋਈ ਆਮਦਨ ਨਹੀ ਹੋਈ । ਸਾਮਲਾਤ ਜਮੀਨ ਦੀ ਫਰਦ ਪੇਸ਼ ਨਹੀਂ ਕੀਤੀ ਇਸ ਲਈ ਜਮੀਨ ਬਾਰੇ ਪੜਤਾਲ ਨਹੀ ਹੋ ਸਕੀ । ਇਹ ਫਰਦ ਅਗਲੇ ਆਡਿਟ ਸਮੇਂ ਪੇਸ਼ ਕੀਤੀ ਜਾਵੇ । ਕਾਰਜ ਸਾਧਕ ਅਫਸਰ ਤਸਦੀਕ ਕਰਨ ਕਿ ਨਗਰ ਪੰਚਾਇਤ ਕੋਲ ਸਾਮਲਾਤ ਜਮੀਨ ਨਹੀਂ ਹੈ ਤੇ ਕੋਈ ਨਜਾਇਜ ਕਬਜਾ ਨਹੀਂ ਹੈ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ ।

(2) ਮੁਰਦਾ ਪਸ਼ੂਆਂ ਦਾ ਠੇਕਾ :- ਸਾਲ 2016-17 ਵਿੱਚ ਮੁਰਦਾ ਪਸ਼ੂਆਂ ਦਾ ਠੇਕਾ 2,05,000/- ਰੁਪਏ ਚ ਹੋਇਆ ਸੀ । ਸਾਲ 2017-18 ਦਾ ਠੇਕਾ ਨਹੀ ਹੋਇਆ ਇਸ ਤਰ੍ਹਾਂ 10% ਵਾਧੇ ਨਾਲ 2,25,500/- ਰੁਪਏ ਹੋਣਾ ਚਾਹੀਦਾ ਸੀ । ਇਸ ਤਰ੍ਹਾਂ ਨਗਰ ਪੰਚਾਇਤ ਨੂੰ 2,25,500/- ਦਾ ਘਾਟਾ ਪਿਆ ਹੈ। ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ ।

(3) ਪ੍ਰਾਪਰਟੀ ਟੈਕਸ ਸਬੰਧੀ :- ਨਗਰ ਪੰਚਾਇਤ ਵੱਲੋਂ ਪ੍ਰਾਪਰਟੀ ਟੈਕਸ ਦੀ ਵਸੂਲੀ ਕੀਤੀ ਜਾ ਰਹੀ ਹੈ ਪਰੰਤੂ ਇਸ ਸਬੰਧੀ ਕੋਈ ਰਜਿਸਟਰ ਨਹੀ ਲਾਇਆ ਇਸ ਲਈ ਬਕਾਇਆ ਰਕਮ ਬਾਰੇ ਪੜਤਾਲ ਨਹੀਂ ਹੋ ਸਕੀ ਇਹ ਰਜਿਸਟਰ ਤਿਆਰ ਕਰਕੇ ਅਗਲੇ ਆਡਿਟ ਸਮੇਂ ਵਿਖਾਇਆ ਜਾਵੇ ।

(4) ਬਿਲਡਿੰਗ ਫੀਸਾਂ ਦੀ ਘੱਟ ਵਸੂਲੀ :- ਹੇਠ ਲਿਖੇ ਵੇਰਵੇ ਅਨੁਸਾਰ ਬਿਲਡਿੰਗ ਫੀਸਾ ਦੀ ਵਸੂਲੀ ਘੱਟ ਕੀਤੀ ਗਈ । ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਤੇ ਵਸੂਲੀ ਕਰਕੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਫਾਇਲ ਦਾ ਲੜੀ ਨੰ: | ਨਾਮ | ਮਿਤੀ | ਕਵਰਡ ਏਰੀਆ | ਐਸਟੀਮੇਟ | ਫੀਸਾਂ ਦੀ ਵਸੂਲੀ | | ਵਸੂਲਣ ਯੋਗ | ਘੱਟ ਵਸੂਲੀ |
|---|---|---|---|---|---|---|---|---|
| 18 | ਰਾਜਨ ਨਰੰਗ | 4-12-2017 | 1,102<br>638<br>1,740 | 15,66,000- | ਬਿਲਡਿੰਗ<br>ਮਲਬਾ ਫੀਸ<br>ਲੇਵਰ ਸੈਸ | 2755<br>1500<br>ਨਿਲ | 4350<br>2000<br>15660 | 1595<br>500<br>15660<br>17755 |
| 17 | ਗੁਰਤੇਜ ਸਿੰਘ | 4-12-2017 | 740ਸਕੇ.ਫੁੱਟ | | ਮਲਬਾ ਫੀਸ | 1850 | 3700 | 1850 |
| | (c)ਦੁਕਾਨ | | ਬਾਊਂਡਰੀ 28 32 ਫੁੱਟ | | ਬਾਊਂਡਰੀ ਵਾਲ | 70 | 140 | 70 |
| 12 | (c) ਜਸਵੀਰ ਸਿੰਘ | 29-9-2017 | 390 ਸਕੇ.ਫੁੱਟ | 3,51,000/- | ਲੇਵਰ ਸੈਸ | ਨਿਲ | 3510 | 3510 |
| 13 | (c)ਗੁਰਤੇਜ ਸਿੰਘ | 26-10-2017 | 890 ਸਕੇ.ਫੁੱਟ | 8,01,000/- | ਲੇਵਰ ਸੈਸ | ਨਿਲ | 8010 | 8010 |
| | | | | | | | | 31195 |

5 ਹੋਰ ਫੀਸਾਂ ਸਬੰਧੀ :- ਨਗਰ ਪੰਚਾਇਤ ਵੱਲੋਂ ਲਾਇਸੰਸ ਫੀਸ, ਵਿਗਿਆਪਨ ਟੈਕਸ, ਟਾਵਰਾ ਦੀ ਫੀਸ, ਬਿਜਲੀ ਬੋਰਡ ਤੋਂ ਚੁੰਗੀ, ਬੈਂਕਾ, ਹੋਟਲਾ ਆਦਿ ਤੋਂ ਕੋਈ ਵੀ ਫੀਸ ਵਸੂਲ ਨਹੀ ਕੀਤੀ । ਇਹ ਇਕ ਗੰਭੀਰ ਮਸਲਾ ਹੈ । ਕਾਰਜਸਾਧਕ ਅਫਸਰ ਇਸ ਵੱਲੋਂ ਖਾਸ ਧਿਆਨ ਦੇਣ ਤੇ ਫੀਸਾਂ ਨਾ ਵਸੂਲ ਕਰਨ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ।

5(1) ਮਾਲੀ ਹਾਲਤ :-

| | 2016-17 | 2017-18 |
|---|---|---|
| ਮੁੱਢਲੀ ਬਾਕੀ | 12,34,67,116/- | 23,35,305/- |
| ਆਮਦਨ | 5,11,83,361/- | 4,20,68,269/- |
| ਜੋੜ | 17,46,50,477/- | 4,44,03,574/- |
| ਖਰਚ | 17,23,15,172/- | 4,25,20,485/- |
| ਅੰਤਿਮ ਬਾਕੀ | 23,35,305/- | 18,83,089/- |

(2) ਬੈਂਕ ਚ ਖਾਤੇ :- ਨਗਰ ਪੰਚਾਇਤ ਵੱਲੋਂ ਫੰਡ ਹੇਠ ਲਿਖੇ ਖਾਤਿਆਂ ਚ ਰੱਖਿਆ ਹੈ । ਇਨ੍ਹਾ ਵਿੱਚੋ ਵਾਧੂ ਖਾਤੇ ਬੰਦ ਕਰਵਾਏ ਜਾਣ ।

1. ਓ.ਬੀ.ਸੀ. ਭਗਤਾ ਭਾਈ ਕਾ
2. ਐਚ.ਡੀ.ਐਫ.ਸੀ. ਭਗਤਾ ਭਾਈ ਕਾ
3. ਆਈ.ਸੀ.ਆਈ.ਸੀ.ਆਈ ਭਗਤਾ ਭਾਈ ਕਾ
4. ਐਚ.ਡੀ.ਐਫ.ਸੀ. ਦਿਆਲਪੁਰਾ

(3) ਬਜਟ ਉਪਬੰਧਾਂ ਤੋਂ ਘੱਟ ਆਮਦਨ :- ਹੇਠ ਲਿਖੀਆਂ ਮੱਦਾਂ ਅਧੀਨ ਆਮਦਨ ਬਜਟ ਟੀਚੇ ਤੋਂ ਘੱਟ ਪ੍ਰਾਪਤ ਹੋਈ ਹੈ ਇਸ ਸਬੰਧੀ ਵਿਭਾਗੀ ਤੌਰ ਤੇ ਪੜਤਾਲ ਕਰਵਾਈ ਜਾਵੇ ਕਿ ਇਸ ਵਿੱਚ ਕੋਈ ਲੀਕੇਜ ਤਾਂ ਨਹੀਂ ਹੋਈ ਤੇ ਪਾਲਣਾ ਅਗਲੇ ਆਡਿਟ ਨੋਟ ਸਮੇਂ ਵਿਖਾਈ ਜਾਵੇ । ਸਾਲ 2017-18

| ਲੜੀ ਨੰ: | ਮੱਦ | ਪ੍ਰਵਾਨਤ ਬਜਟ | ਅਸਲ ਆਮਦਨ | ਟੀਚੇ ਤੋਂ ਘੱਟ ਆਮਦਨ |
|---|---|---|---|---|
| 1 | ਚੁੰਗੀ ਵੈਟ | 410 ਲੱਖ | 370.18 | 39.82 |
| 2 | ਐਕਸਾਈਜ ਡਿਊਟੀ | 13.00 | 10.26 | 2.74 |
| 3 | ਪ੍ਰਾਪਰਟੀ ਟੈਕਸ | 15.00 | 13.25 | 1.75 |
| 4 | ਰੇਟ/ਤਹਿਬਜਾਰੀ | 1.00 | ਨਿਲ | 1.00 |
| 5 | ਲਾਇਸੰਸ ਫੀਸ | 0.50 | ਨਿਲ | 0.50 |
| 6 | ਵਿਗਿਆਪਨ ਟੈਕਸ | 0.50 | 7640 | 42360- |
| 7 | ਬਿਲਡਿੰਗ ਨਕਸ਼ੇ | 6.00 | 4.52 | 1.48 |
| 8 | ਮੁਰਦਾ ਪਸ਼ੂਆਂ ਦਾ ਠੇਕਾ | 2.50 | ਨਿਲ | 2.50 |
| 9 | ਹੋਰ ਸਾਧਨ | 72.50 | 1.33 | 71.17 |

(4) <u>ਬਜਟ ਉਪਬੰਧਾਂ ਤੋਂ ਵੱਧ ਖਰਚ</u> :- ਹੇਠ ਲਿਖੀਆਂ ਮੱਦ ਅਧੀਨ ਖਰਚ ਪ੍ਰਵਾਨਿਤ ਬਜਟ ਤੋਂ ਵੱਧ ਕੀਤਾ ਗਿਆ ਹੈ ਜੋ ਕਿ ਨਿਯਮਾਂ ਦੇ ਵਿਰੁੱਧ ਹੈ। ਇਸਦੀ ਪ੍ਰਵਾਨਗੀ ਸਮਰਥਕ ਅਧਿਕਾਰੀ ਤੋਂ ਲੈ ਕੇ ਨਿਯਮਤ ਕਰਵਾਇਆ ਜਾਵੇ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ: | ਮੱਦ | ਪ੍ਰਵਾਨਤ ਬਜਟ | ਅਸਲ ਖਰਚ | ਟੀਚੇ ਤੋਂ ਵੱਧ ਖਰਚ |
|---|---|---|---|---|
| 1 | ਖਰਚਾ ਕੰਟੀਜੈਂਸੀ | 3.00 | 3.16 | 0.16 |
| 2 | ਨਵੀਆਂ ਸੜਕਾਂ ਦੀ ਉਸਾਰੀ | 100 | 101.26 | 1.26 |
| 3 | ਸੜਕਾਂ ਦੀ ਰਿਪੇਅਰ | 50.00 | 50.18 | 0.18 |
| 4 | ਰਿਪੇਅਰ ਗਲੀਆਂ ਨਾਲੀਆਂ | ਨਿਲ | 3.73 | 3.73 |

(5) <u>ਗਰਾਂਟਾ ਬਾਰੇ</u> :- ਆਡਿਟ ਸਮੇਂ ਦੌਰਾਨ ਪ੍ਰਾਪਤ ਹੋਈਆਂ ਗਰਾਂਟਾਂ ਦੀ ਵਰਤੋਂ ਬਾਰੇ ਸੂਚੀ ਦੀ ਇਕ ਨਕਲ ਆਡਿਟ ਅਧਿਕਾਰੀਆਂ ਵੱਲੋਂ ਦਸਤੀ ਤੌਰ ਤੇ ਕਾਰਜਸਾਧਕ ਅਫਸਰ ਨੂੰ ਦਿੱਤੀ ਜਾ ਚੁੱਕੀ ਹੈ। ਇਹ ਵੀ ਦੱਸਿਆ ਗਿਆ ਸੀ ਕਿ ਪੇਸ਼ਗੀਆਂ ਦੀ ਐਡਜਸਟਮੈਂਟ ਤੁਰੰਤ ਕਰਾਉਣ ਦੀ ਲੋੜ ਹੈ। ਪੁਰਾਣੀਆਂ ਅਣ-ਵਰਤੀਆਂ ਗਰਾਂਟਾਂ ਸਰਕਾਰ ਨੂੰ ਵਾਪਿਸ ਕੀਤੀਆਂ ਜਾਣ ਅਤੇ ਨਿਰਧਾਰਤ ਸਮੇਂ ਤੋਂ ਬਾਅਦ ਖਰਚ ਕੀਤੀਆਂ ਗਰਾਂਟਾ ਨੂੰ ਸਮਰਥਕ ਅਧਿਕਾਰੀ ਦੀ ਪ੍ਰਵਾਨਗੀ ਨਾਲ ਨਿਯਮਤ ਕਰਵਾਇਆ ਜਾਵੇ।

(6) <u>ਅਸਲ ਪ੍ਰਾਪਤੀ ਰਸੀਦਾਂ</u> :- ਹੇਠ ਲਿਖੀਆਂ ਅਸਲ ਪ੍ਰਾਪਤ ਰਸੀਦਾ ਪ੍ਰਾਪਤ ਨਹੀਂ ਕੀਤੀਆਂ ਇਸ ਲਈ ਇਨ੍ਹਾਂ ਦੀ ਸਹੀ ਅਦਾਇਗੀ ਬਾਰੇ ਪੜਤਾਲ ਨਹੀਂ ਹੋ ਸਕੀ। ਇਹ ਪ੍ਰਾਪਤ ਕਰਕੇ ਅਗਲੇ ਆਡਿਟ ਸਮੇਂ ਪੇਸ਼ ਕੀਤੀਆਂ ਜਾਣ।

| ਮਿਤੀ | ਵਾਊਚਰ ਨੰ: | ਰਕਮ | ਵੇਰਵਾ |
|---|---|---|---|
| 05-07-2017 | 11 | 5,833/- | ਲੇਵਰ ਸੈਸ ਵੈਲਫੇਅਰ ਬੋਰਡ |
| 12-07-2017 | 24 | 83,860/- | -ਉਕਤ- |
| 28-07-2017 | 57 | 44,418/- | -ਉਕਤ- |
| 07-12-2017 | 29 | 4,37,186/- | ਡੀ.ਐਲ.ਜੀ. ਚੰਡੀਗੜ੍ਹ ਫੰਡਾਂ ਦੀ ਸਿਧੀ ਕਟੌਤੀ |
| 04-12-2017 | 27 | 11,855/- | ਲੇਵਰ ਸੈਸ ਵੈਲਫੇਅਰ ਬੋਰਡ ਆਰਬਨ ਮਿਸ਼ਨ |
| 04-12-2017 | 28 | 71,857/- | ਵੈਟ ਟੈਕਸ |

(7) <u>ਵਰਕਸ ਸਬੰਧੀ ਕਮੀਆਂ</u> :-

(1) ਵਾਊਚਰ ਨੰ:16 ਅਤੇ 43 ਮਹੀਨਾ 7/17 ਰਾਹੀਂ 1,86,000/- ਰੁਪਏ ਦੀ ਪੇਮੈਂਟ ਸ੍ਰੀ ਗਨੇਸ਼ ਕੋ-ਅਪਰੇਟਿਵ ਸੁਸਾਇਟੀ ਨੂੰ ਮੇਨ ਚੌਂਕ ਦੀ ਰੀਵੈਨੂਏਸ਼ਨ ਦੀ ਕੀਤੀ ਗਈ ਹੈ। ਇਸ ਬ੍ਰਿਲ ਵਿੱਚੋਂ ਟੈਂਡਰ (-) 3% ਹੋਇਆ ਸੀ ਦੀ ਕਟੋਤੀ ਸਹੀ ਕੀਤੀ ਗਈ ਬਿਲ ਦੀ ਕੁਲ ਰਕਮ 2,14,532/- ਰੁਪਏ (-)3% ਨਾਲ 6435/- ਰੁਪਏ ਦੀ ਵੱਧ

ਅਦਾਇਗੀ ਕੀਤੀ ਗਈ ਹੈ ਜਿਸਦੀ ਵਸੂਲੀ ਠੇਕੇਦਾਰ ਜਾ ਕਸੂਰਵਾਰ ਤੋਂ ਕਰਕੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(2) ਵਾਊਚਰ ਨੰ:1, ਮਿਤੀ 02-05-2017 ਰਾਹੀਂ 5,20,000/- ਰੁਪਏ ਦੀ ਅਦਾਇਗੀ ਤਰੋਵੇਣੀ ਕੰਨਸਟਰਕਸ਼ਨ ਕੰਪਨੀ ਨੂੰ ਕੀਤੀ ਗਈ ਹੈ। ਇਸਦੀ ਅਸਟੀਮੇਟ 25 ਲੱਖ ਰੁਪਏ ਦਾ ਗੰਦੇ ਪਾਣੀ ਦੇ ਨਿਕਾਸ ਦਾ ਬਣਾਇਆ ਸੀ। ਇਹ ਸਿੰਗਲ ਟੈਂਡਰ (-) 1.25% ਮਨਜੂਰ ਕੀਤਾ ਗਿਆ ਹੈ। ਇਸ ਬਿਲ ਵਿੱਚ ਲੜੀ ਨੰ:9 ਤੇ 186 ਸਕੇ.ਫੁੱਟ ਇੰਟਰਲਾਕ ਟਾਇਲਾਂ ਦੀ 630/- ਰੁਪਏ ਦੇ ਹਿਸਾਬ ਨਾਲ 1,18,110/- ਰੁਪਏ ਅਦਾਇਗੀ ਕੀਤੀ ਗਈ ਹੈ। ਇਸਦਾ ਐਸਟੀਮੇਟ ਵਿੱਚ ਕੋਈ ਵੇਰਵਾ ਨਹੀਂ ਸੀ। ਸਿੰਗਲ ਟੈਂਡਰ ਮਨਜੂਰ ਕਰਨ ਸਬੰਧੀ ਅਤੇ ਇੰਟਰਲਾਕ ਟਾਇਲਾ ਲਾਉਣ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(3) ਵਾਊਚਰ ਨੰ: 25, ਮਿਤੀ 10-04-2017 ਰਾਹੀਂ ਘਟੋੜਾ ਇੰਟਰਪ੍ਰਾਈਜ ਨੂੰ 40,000/- ਰੁਪਏ ਅਤੇ ਵਾਊਚਰ ਨੰ: 12, ਮਿਤੀ 05-07-2017 ਰਾਹੀਂ 2,00,000/- ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਇਸ ਦਾ ਜੋ ਕੁਲ ਬਿਲ ਬਣਾਇਆ ਹੈ ਉਸ ਵਿੱਚ ਭਰਤ ਦੇ ਕੰਮ ਚ 10% ਸਰਿਕਿੰਗ ਦੀ ਕਟੋਤੀ ਨਹੀ ਕੀਤੀ ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਬਿਲ ਦਾ ਲੜੀ ਨੰ: | ਕੰਮ ਦਾ ਵੇਰਵਾ | ਕੀਤੀ ਪੇਮੈਂਟ | 10% ਕਟੋਤੀ |
|---|---|---|---|
| 2 | ਅਰਥ ਵਰਕ | 39,242/- | 3,924/- |
| 14 | -ਉਕਤ- | 59,400/- | 5,940/- |
| 41 | ਅਰਥ ਵਰਕ | 78,982/- | 7,898/- |
| | | | 17,762/- |

(4) ਵਾਊਚਰ ਨੰ: 15, ਮਿਤੀ 05-07-2017 ਰਾਹੀਂ 5,40,579/- ਰੁਪਏ ਦੀ ਅਦਾਇਗੀ ਵਿਰਕ ਖੇੜਾ ਨੂੰ ਕੀਤੀ ਗਈ ਹੈ। ਇਸ ਬਿਲ ਵਿੱਚ 15600 ਇਟਾਂ ਦੀ ਵਰਤੋਂ ਕੀਤੀ ਗਈ ਹੈ। ਪ੍ਰਵਾਨਤ ਰੇਟਾਂ ਅਨੁਸਾਰ ਬਠਿੰਡਾ ਜਿਲੇ ਵਿੱਚ 400/- ਰੁਪਏ ਪ੍ਰਤੀ ਹਜਾਰ ਦੇ ਹਿਸਾਬ ਨਾਲ 6,240/- ਦੀ ਵਸੂਲੀ ਕਰਨੀ ਬਣਦੀ ਸੀ ਜੋ ਕਿ ਨਹੀ ਕੀਤੀ ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(5) ਵਾਊਚਰ ਨੰਬਰ 14, ਮਿਤੀ 05-07-2017 ਰਾਹੀਂ 3,00,000/- ਰੁਪਏ ਦੀ ਅਦਾਇਗੀ ਵਰਿੰਦਰ ਕੁਮਾਰ ਠੇਕੇਦਾਰ ਨੂੰ ਕੀਤੀ ਗਈ ਹੈ। ਇਸ ਵਿੱਚ ਅਰਥ ਫਿਲਿੰਗ 24,467/- ਰੁਪਏ ਦੀ ਅਦਾਇਗੀ ਕੀਤੀ ਗਈ ਹੈ ਪਰੰਤੂ 10% ਸਰਿਕਿੰਗ 2447/- ਰੁਪਏ ਦੀ ਕਟੋਤੀ ਨਹੀ ਕੀਤੀ। ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(6) ਵਾਊਚਰ ਨੰ: 30, ਮਿਤੀ 07-12-2017 ਰਾਹੀਂ 10,00,000/- ਰੁਪਏ ਦੀ ਅਦਾਇਗੀ ਘਟੋੜਾ ਇੰਟਰਪ੍ਰਾਈਜਜ ਨੂੰ ਕੀਤੀ ਗਈ ਹੈ। ਇਸ ਵਿੱਚ 2,20,504/- ਰੁਪਏ ਦੀ ਅਦਾਇਗੀ ਅਰਥ ਫਿਲਿੰਗ ਦੀ ਕੀਤੀ ਗਈ ਹੈ 10% ਸਰਿਕਿੰਗ 22,050/- ਰੁਪਏ ਦੀ ਕਟੋਤੀ ਨਹੀ ਕੀਤੀ ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਤੇ ਵਸੂਲੀ ਕਰਕੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(7) ਹੇਠ ਲਿਖੀਆਂ ਅਦਾਇਗੀਆਂ ਕਲੋਨੀਆਂ ਰੇਗੂਲਰ ਕਰਨ ਚ ਕੀਤੀਆਂ ਹਨ ਜੋ ਕਿ ਉਚਿਤ ਨਹੀ ਹਨ ਇਹ ਅਦਾਇਗੀਆਂ ਅਸਟੀਮੇਟ ਤੋਂ ਵੱਧ ਕੀਤੀਆ ਹਨ ਇਸ ਸਬੰਧੀ ਸਥਿਤੀ ਸਪਸ਼ਟ ਕੀਤੀ ਜਾਵੇ ਤੇ ਪਾਲਣਾ ਕਰਕੇ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਅਸਟੀਮੇਟ | ਲੈਸ | ਬਣਦੀ ਰਕਮ | ਅਦਾਇਗੀ | ਵੱਧ | ਵੇਰਵਾ |
|---|---|---|---|---|---|
| 41.25 ਲੱਖ | 21.75% | 32,27,813/- | 35,10,790/- | 2,82,977/- | 9/17 ਤੱਕ ਸੁਰੇਸ਼ ਕੁਮਾਰ ਠੇਕੇਦਾਰ ਨਾਲੇ ਦੀ ਉਸਾਰੀ |
| 47.21 ਲੱਖ | 21.75% | 36,94,182/- | 95,79,070/- | 8,84,888/- | 9/17 ਤੱਕ ਵਿਪਨ ਕੁਮਾਰ ਬ੍ਰਦਰਜ਼ ਇੰਟਰਲਾਕ ਟਾਇਲ |

(8) ਡਾਇਰੈਕਟਰ ਸਥਾਨਕ ਸਰਕਾਰ ਦੇ ਪੱਤਰ ਨੰਬਰ ਐਸ.ਈ./ਐਸ.ਸੀ./ਐਲ.ਜੀ.-11561, ਮਿਤੀ 09-11-2011 ਰਾਹੀਂ ਹਦਾਇਤਾਂ ਅਨੁਸਾਰ ਵਿਕਾਸ ਸੁਰੂ ਕਰਨ ਤੋਂ ਪਹਿਲਾ ਵਿਕਾਸ ਕੰਮਾਂ ਦੀਆ ਸੂਚੀਆਂ ਸਬੰਧਤ ਜਿਲ੍ਹੇ ਦੇ ਡਿਪਟੀ ਕਮਿਸਨਰ ਪਾਸੋ ਪ੍ਰਵਾਨ ਨਹੀ ਕਰਵਾਇਆ ਜੋ ਕਿ ਸਰਕਾਰੀ ਹਦਾਇਤਾਂ ਦੀ ਉਲੰਘਣਾ ਹੈ ਸਰਕਾਰੀ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਕਰਕੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(9) ਲੇਖਿਆਂ ਦਾ ਰੱਖ-ਰਖਾਵ ਪੰਜਾਬ ਮਿਉਂਸਪਲ ਅਕਾਉਂਟਿਜ ਮੈਨੂਅਲ 2017 ਅਨੁਸਾਰ ਰੱਖਵਾ ਸਕਦਾ ਸੀ ਜੋ ਕਿ ਨਹੀ ਰੱਖਿਆ ਗਿਆ ਅਤੇ ਖਾਤਿਆਂ ਨੂੰ ਪੰਜਾਬ ਮਿਉਂਸਪਲ ਅਕਾਉਂਟ ਕੋਡ 1930 ਦੇ ਨਿਯਮਾਂ ਅਨੁਸਾਰ ਹੀ ਰੱਖਿਆ ਗਿਆ ਹੈ ਇਸ ਲਈ ਇਨਾਂ ਖਾਤਿਆਂ ਨੂੰ ਪੰਜਾਬ ਮਿਉਂਸਪਲ ਅਕਾਉਂਟਿਜ ਮੈਨੂਅਲ 2017 ਦੇ ਨਿਯਮਾਂ ਅਨੁਸਾਰ ਰੱਖਣਾ ਯਕੀਨੀ ਬਣਾਇਆ ਜਾਵੇ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(10) ਵਰਕਸ ਦੇ ਕੰਮਾਂ ਨਾਲ ਸਬੰਧਤ ਫਾਇਲਾਂ, ਟੈਂਡਰ ਰਜਿਸਟਰ, ਤਖਮੀਨੇ ਅਤੇ ਮਿਉਂਸਪਲ ਵਰਕਸ ਰਜਿਸਟਰ ਵਿਚ ਨਗਰ ਪੰਚਾਇਤ ਦਾ ਮਤਾ ਅਤੇ ਮਿਤੀ ਦਰਜ ਨਹੀ ਕੀਤੀ ਗਈ। ਜਿਸਤੋਂ ਇਹ ਤਸਲੀਬਖਸ ਪੜਤਾਲ ਸੰਭਵ ਨਹੀ ਹੋ ਸਕਦੀ। ਲੋੜੀਂਦੀ ਕਾਰਵਾਈ ਕਰਕੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(11) ਲੋਕਲ ਗੋਰਮਿੰਟ ਪੰਜਾਬ ਦੇ ਮੀਮੋ ਨੰਬਰ 5/218/2013-4 ਐਲ.ਜੀ.4/117640/1-7, ਮਿਤੀ 30-10-2013 ਰਾਹੀਂ ਵਰਕਸ ਦੇ ਕੰਮਾਂ ਲਈ ਤਕਨੀਕੀ ਪ੍ਰਵਾਨਗੀ ਤੁਲਨਾਤਮਕ ਸਟੇਟਮੈਂਟ ਦੀ ਵੇਟਿੰਗ ਅਤੇ ਫਾਈਨਲ ਬਿੱਲ ਦੀ ਚੈਕਿੰਗ ਸਬੰਧੀ ਦਰਜ ਹਦਾਇਤਾਂ ਦੀ ਪਾਲਣਾ ਨਹੀ ਕੀਤੀ ਗਈ। ਇਨਾਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਪਾਲਣਾ ਕਰਕੇ ਅਗਲੇ ਆਡਿਟ ਸਮੇਂ ਪੇਸ਼ ਕੀਤੀ ਜਾਵੇ।

(12) ਵਰਕਸ ਦੇ ਬਿੱਲਾਂ ਤੇ ਸੀ.ਐਸ.ਆਰ. ਆਈਟਮ ਨੰਬਰ ਨਹੀ ਪਾਇਆ ਜਾਂਦਾ ਜਿਸਤੋਂ ਬਿੱਲ ਰੇਟ ਦੀ ਪੜਤਾਲ ਨਹੀ ਹੋ ਸਕੀ। ਸੀ.ਐਸ.ਆਰ ਦੇ ਪ੍ਰਵਾਨਤ ਪ੍ਰੀਮੀਅਮ ਜੋ ਕਿ ਮਿਤੀ 11-12-2013 ਨੂੰ ਪ੍ਰਵਾਨ ਕੀਤੇ ਗਏ ਸਨ ਮਤੇ ਦੇ ਅਨੈਕਸਚਰ (ਏ) ਦੇ ਨੋਟ 2 ਅਨੁਸਾਰ ਵੱਖ-2 ਜਿਲਿਆਂ ਦੇ ਰੇਟਾਂ ਵਿੱਚ ਬਠਿੰਡਾ ਜਿਲ੍ਹੇ ਦੇ ਇਟਾਂ ਦੇ 400/- ਰੁਪਏ ਪ੍ਰਤੀ ਹਜਾਰ ਸੀਮਿੰਟ 50/- ਪ੍ਰਤੀ ਥੈਲਾ, ਸਟੀਲ ਆਦਿ ਦੇ ਰੇਟ ਘਟਾਏ ਸਨ। ਇਨਾਂ ਦੀ ਦਫਤਰੀ ਪੱਧਰ ਤੇ ਪੜਤਾਲ ਕਰਵਾਈ ਜਾਵੇ ਪਾਲਣਾ ਯਕੀਨੀ ਬਣਾਈ ਜਾਵੇ ਤੇ ਅਗਲੇ ਆਡਿਟ ਸਮੇਂ ਪੇਸ਼ ਕੀਤੀ ਜਾਵੇ।

8. ਅਮਲੇ ਸਬੰਧੀ:-

(1) ਹੇਠ ਲਿਖੀਆਂ ਸਰਵਿਸ ਬੁੱਕਾਂ ਪੇਸ਼ ਨਹੀ ਕੀਤੀਆ ਅਤੇ ਨਾ ਹੀ ਨਿੱਜੀ ਮਿਸਲਾ ਪੇਸ਼ ਕੀਤੀਆਂ ਹਨ ਇਸ ਲਈ ਇਨਾ ਦੀ ਪੜਤਾਲ ਨਹੀ ਹੋ ਸਕੀ ਇਹ ਅਗਲੇ ਆਡਿਟ ਸਮੇ ਪੇਸ਼ ਕੀਤੀਆ ਜਾਣ ।

1. ਸ੍ਰੀ ਸੁਖਦੇਵ ਸਿੰਘ ਕੇਲਧਾਰ ਡੀ.ਓ.
2. ਸ੍ਰੀ ਰਜਿੰਦਰ ਕੁਮਾਰ ਇੰਸਪੈਕਟਰ ਰਿਟਾਇਰ ਹੋ ਚੁੱਕਾ ਹੈ ।

9. ਰਿਕਾਰਡ ਜੋ ਪੇਸ਼ ਨਹੀ ਕੀਤਾ :- ਹੇਠ ਲਿਖਿਆ ਰਿਕਾਰਡ ਆਡਿਟ ਸਮੇਂ ਪੇਸ਼ ਨਹੀ ਕੀਤਾ ਇਸ ਦੀ ਪੜਤਾਲ ਨਹੀ ਹੋ ਸਕੀ ।

1. ਜਮੀਨ ਦੀ ਫਰਦ/ਜਮਾਂਬੰਦੀ
2. ਨਜਾਇਜ ਕਬਜਿਆਂ ਦਾ ਰਜਿਸਟਰ
3. ਲੇਬਰ ਸਪਲਾਈ ਦੀ ਫਾਈਲ
4. ਦਰੱਖਤਾ ਦਾ ਰਜਿਸਟਰ
5. ਹੇਠ ਲਿਖੀਆਂ ਫਾਇਲਾ ਪੇਸ਼ ਨਹੀ ਕੀਤੀਆਂ

| ਮਿਤੀ | ਵਾਊਚਰ ਨੰ: | ਰਕਮ | ਵੇਰਵਾ |
|---|---|---|---|
| 12-07-2017 | 16 | 1,50,000/- | ਸ੍ਰੀ ਗਨੇਸ ਕੇ.ਅਪ. ਸੁਸਾਇਟੀ |
| 12-07-2017 | 17 | 1,50,000/- | ਪੂਹਲਾ ਕੇ. ਅਪ. ਸੁਸਾਇਟੀ |
| 12-07-2017 | 44 | 3,00,000/- | ਦੀ ਲਹਿਰਾ ਮੁੱਹਬਤ ਕੇ.ਅਪ. ਸੁਸਾਇਟੀ |
| 14-07-2017 | 46-47 | 1,09,206/- | ਆਰ.ਐਸ. ਕੰਨਸਟਰਕਸ਼ਨ |
| 14-07-2017 | 49 | 2,27,000/- | ਵਰਿੰਦਰ ਕੁਮਾਰ ਠੇਕੇਦਾਰ |
| 14-07-2017 | 48 | 30,000/- | ਸੁਰੇਸ਼ ਕੁਮਾਰ ਠੇਕੇਦਾਰ |

10. ਆਡਿਟ ਫੀਸ :- ਸੰਸਥਾ ਦੀ 5 ਦਿਨਾਂ ਦੀ 3,500/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ 17,500/- ਰੁਪਏ ਆਡਿਟ ਫੀਸ ਬਣਦੀ ਹੈ । ਇਹ ਆਡਿਟ ਫੀਸ ਸਰਕਾਰੀ ਖਜਾਨੇ ਦੀ ਮੱਦ 0070 ਦੂਸਰੀਆਂ ਪ੍ਰਬੰਧਕੀ ਸੇਵਾਵਾਂ -60 ਦੂਸਰੀਆਂ ਪ੍ਰਬੰਧਕੀ ਸੇਵਾਂਵਾ -110 ਫੀਸ ਫਾਰ ਗੌਰਮਿੰਟ ਆਡਿਟ (ਸਟੇਟ) ਵਿੱਚ ਜਮ੍ਹਾਂ ਕਰਾਉਣ ਲਈ ਰਿਕੂਜੀਸਨ ਸਪੈਸ਼ਲ ਨੰ: 1 , ਮਿਤੀ 23-05-2018 ਨੂੰ ਕਾਰਜ ਸਾਧਕ ਅਫਸਰ ਨੂੰ ਦਿੱਤੀ ਗਈ ਹੈ । ਇਹ ਆਡਿਟ ਫੀਸ ਜਮ੍ਹਾਂ ਕਰਵਾ ਕਿ ਚਲਾਨ ਦੀ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ ।

11. ਫੁਟਕਲ :-

1. ਚੱਲ ਅਤੇ ਅਚੱਲ ਜਾਇਦਾਦ ਦੇ ਰਜਿਸਟਰ ਦੀ ਭੌਤਿਕ ਪੜਤਾਲ ਅਤੇ ਸਟਾਕ ਰਜਿਸਟਰਾਂ ਦੀ ਭੌਤਿਕ ਪੜਤਾਲ ਕਾਰਜ ਸਾਧਕ ਅਫਸਰ ਵੱਲੋਂ ਨਹੀਂ ਕੀਤੀ ਗਈ ਲੋੜੀਂਦੀ ਕਾਰਵਾਈ ਕਰਕੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ ।

2. ਟੈਂਡਰ ਫਾਰਮਾਂ ਦੀ ਵਿਕਰੀ ਸਬੰਧੀ ਰਜਿਸਟਰ ਤਿਆਰ ਨਹੀਂ ਕੀਤਾ ਇਸ ਲਈ ਟੈਂਡਰਾਂ ਦੀ ਕੁਲ ਵਿਕਰੀ ਅਤੇ ਉਨਾ ਦੀ ਰਕਮ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਹੋਣ ਬਾਰੇ ਪੜਤਾਲ ਨਹੀਂ ਹੋ ਸਕੀ । ਇਹ ਰਜਿਸਟਰ ਤਿਆਰ ਕਰਕੇ ਅਗਲੇ ਆਡਿਟ ਸਮੇ ਪੇਸ਼ ਕੀਤਾ ਜਾਵੇ ।

3. ਫਰਮਾਂ ਨੂੰ ਜਾਂ ਹੋਰ ਅਦਾਇਗੀ ਸਮੇਂ ਚੈਕ ਦਿੱਤੇ ਜਾਂਦੇ ਹਨ ਉਨਾਂ ਤੇਂ ਪੇ ਅਕਾਊਂਟ ਚੈਕ ਦੇਣ ਬਾਰੇ ਕੋਈ ਤਸਦੀਕ ਨਹੀਂ ਕੀਤਾ ਜਾਂਦਾ ਜਿਸਤੋਂ ਬਿਨ੍ਹਾ ਸਹੀ ਅਦਾਇਗੀ ਦੀ ਪੜਤਾਲ ਨਹੀਂ ਹੋ ਸਕੀ । ਇਹ ਸਰਟੀਫਿਕੇਟ ਹੁਣ ਦਿੱਤਾ ਜਾਵੇ ਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ ।

<u>ਸਿੱਟਾ</u> :- ਪੈਰਾ ਨੰ: 3,4,6,7 ਆਦਿ ਤੇ ਤੁਰੰਤ ਕਾਰਵਾਈ ਦੀ ਲੋੜ ਹੈ । ਲੇਖਿਆ ਵਿੱਚ ਹੋਰ ਸੁਧਾਰ ਅਤੇ ਨਿੱਜੀ ਨਿਗਰਾਨੀ ਦੀ ਲੋੜ ਹੈ ।

-ਸਹੀ-<br>(ਕਰਤਾਰ ਸਿੰਘ)<br>ਰਿਜਨਲ ਡਿਪਟੀ ਡਾਇਰੈਕਟਰ<br>ਲੋਕਲ ਆਡਿਟ , ਪੰਜਾਬ<br>ਬਠਿੰਡਾ ।

ਟਾਇਪ/ਮਿਲਾਨ ਕਰਤਾ : ਦਵਿੰਦਰ ਸਿੰਘ

ਤਿਮਾਹੀ ਰਿਪੋਰਟ ਨਗਰ ਪੰਚਾਇਤ ਭਗਤਾ ਭਾਈਕਾ, ਜ਼ਿਲ੍ਹਾ ਬਠਿੰਡਾ
ਸਮਾਂ 11/10/12 ਤੋਂ ~~3/17~~ ਦੇ ਦੌਰਾਨ ਧਾਰਾ 1(ਅ) ਦੇ ਸਬੰਧ ਵਿੱਚ
4/17 ਤੋਂ 3/18

| ਲ.ਨੰ. | ਸਮਾਂ | ਜਾਣਕਾਰੀ ਜੋ ਤਿਆਰ ਕੀਤੀ ਗਈ | ਜਾਣਕਾਰੀ ਜੋ ਤਿਆਰ ਨਹੀਂ ਕੀਤੀ ਗਈ | ਜਾਣਕਾਰੀ ਜਨਤਾ ਨੂੰ ਦਸਤਿਆ ਗਈ |
|---|---|---|---|---|
| | 11/10/12 ਤੋਂ 3/17 | 3(1) ਤੋਂ 3(9), 4, 5, 7, 8, 10(1), 10(2), 11, 12(1) ਤੋਂ 12(6) | ਨਿਲ | 3(1) ਤੋਂ 3(9), 4, 5, 7, 8, 10(1), 10(2), 11, 12(1) ਤੋਂ 12(6) |
| | ਕੁੱਲ | 22 | 0 | 22 |
| | 4/17 ਤੋਂ 3/18 | 3(1) ਤੋਂ 3(7), 4(1) ਤੋਂ 4(5), 5(1) ਤੋਂ 5(5), 6, 7(1) ਤੋਂ 7(12), 8, 9, 10, 11(1) ਤੋਂ 11(3) = 36 | ਨਿਲ | 3(1) ਤੋਂ 3(7), 4(1) ਤੋਂ 4(5), 5(1) ਤੋਂ 5(5), 6, 7(1) ਤੋਂ 7(12), 8, 9, 10, 11(1) ਤੋਂ 11(3) = 36 |
| | ਕੁੱਲ | 58 | ਨਿਲ | 58 |